# ਮੈਂ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦਾ/ਦੀ ਹਾਂ, ਮੈਨੂੰ ਕੀ ਕਰਨਾ ਚਾਹੀਦਾ ਹੈ?

ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣ ਤੋਂ ਪਹਿਲਾਂ ਇਹ ਜ਼ਰੂਰੀ ਹੈ ਕਿ ਤੁਸੀਂ ਪਰ੍ਵਾਸੀ ਅਤੇ ਰੁਜ਼ਗਾਰ ਕਾਨੂੰਨਾਂ ਬਾਰੇ ਸਲਾਹ ਲੈ ਲਓ।

1

**ਤੁਹਾਨੂੰ ਇਮੀਗਰੇਸ਼ਨ (ਪਰ੍ਵਾਸੀ) ਕਾਨੂੰਨ ਬਾਰੇ ਸਲਾਹ ਲੈਣੀ ਚਾਹੀਦੀ ਹੈ।**

ਤੁਸੀਂ ਕਿਸੇ ਅਜਿਹੇ ਕਮਿਊਨਿਟੀ ਲੀਗਲ ਸੈਂਟਰ ਨਾਲ ਸੰਪਰਕ ਕਰ ਸਕਦੇ ਹੋ ਜੋ ਪਰ੍ਵਾਸੀ ਕਾਨੂੰਨ ਵਿੱਚ ਮਾਹਰ ਹੈ, ਕਿਸੇ ਯੂਨੀਅਨ ਨਾਲ (ਅਤੇ ਉਨਹ੍ਾਂ ਦੀ ਇਮੀਗਰੇਸ਼ਨ ਕਾਨੂੰਨ ਸੇਵਾ ਵਾਸਤੇ ਰੈਫਰਲ ਮੰਗ ਸਕਦੇ ਹੋ) ਜਾਂ ਕਿਸੇ ਨਿੱਜੀ ਇਮੀਗਰੇਸ਼ਨ ਏਜੰਟ ਜਾਂ ਵਕੀਲ ਨਾਲ ਸੰਪਰਕ ਕਰ ਸਕਦੇ ਹੋ।

2

ਜੇਕਰ ਉਹ ਇਸ ਗੱਲ ਦੀ ਪੁਸ਼ਟੀ ਕਰਦੇ ਹਨ ਕਿ ਤੁਸੀਂ ਵਰਕਪਲੇਸ ਜਸਟਿਸ ਵੀਜ਼ਾ ਲਈ ਯੋਗ ਹੋ ਸਕਦੇ ਹੋ, **ਤਾਂ ਤੁਹਾਨੂੰ ਕਿਸੇ ਅਜਿਹੀ ਸੰਸਥਾ ਨਾਲ ਸੰਪਰਕ ਕਰਨਾ ਚਾਹੀਦਾ ਹੈ ਜੋ ਤੁਹਾਨੂੰ ਰੁਜ਼ਗਾਰ ਕਾਨੂੰਨਾਂ ਬਾਰੇ ਸਲਾਹ ਦੇ ਸਕੇ ਅਤੇ ਤੁਹਾਡੇ ਵਰਕਪਲੇਸ ਸ਼ੋਸ਼ਣ ਦੇ ਕੇਸ ਨੂੰ ਪਰ੍ਮਾਣਿਤ ਕਰ ਸਕੇ।**

ਹੇਠ ਲਿਖੀਆਂ ਸੰਸਥਾਵਾਂ ਤੁਹਾਡੇ ਕੰਮ ਵਾਲੀ ਥਾਂ ਤੇ ਹੋਏ ਸ਼ੋਸ਼ਣ ਦੇ ਮਾਮਲੇ ਨੂੰ ਪਰ੍ਮਾਣਿਤ ਕਰ ਸਕਦੀਆਂ ਹਨ:

- Fair Work Ombudsman
- Australian Rail, Tram and Bus Industry Union
- Australian Workers' Union
- Australasian Meat Industry Employees' Union
- Electrical Trades Union of Australia
- Human Rights Law Centre
- Migrant Workers Centre
- Redfern Legal Centre
- SA Unions
- Shop, Distributive and Allied Employees' Association
- Unions Tasmania
- The Association of Professional Engineers, Scientists and Managers
- UnionsACT
- Transport Workers' Union of Australia
- Unions NSW
- UnionsWA
- United Workers Union
- WEstjustice

UNIONSWA
MULTICULTURAL WORKERS COLLECTIVE

(08) 6313 6000

ਵਰਕਪਲੇਸ ਜਸਟਿਸ ਵੀਜ਼ਾ ਬਾਰੇ ਹੋਰ ਜਾਣੋ

unionswa.com.au/mwc

This material was developed with funding from the Australian Government

3

ਇੱਕ ਵਾਰ ਜਦੋਂ ਤੁਹਾਡਾ ਪਰ੍ਮਾਣੀਕਰਣ ਹੋ ਜਾਂਦਾ ਹੈ, **ਤਾਂ ਤੁਹਾਨੂੰ ਆਪਣੀ ਅਰਜ਼ੀ ਵਿੱਚ ਸਹਾਇਤਾ ਲਈ ਕਿਸੇ ਇਮੀਗਰੇਸ਼ਨ ਏਜੰਟ ਜਾਂ ਵਕੀਲ ਨਾਲ ਸੰਪਰਕ ਕਰਨਾ ਚਾਹੀਦਾ ਹੈ।**


ਤੁਸੀਂ ਆਪਣੇ ImmiAccount ਰਾਹੀਂ ਵੀ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇ ਸਕਦੇ ਹੋ। ਤੁਹਾਨੂੰ "ਵਰਕਪਲੇਸ ਜਸਟਿਸ ਪਾਇਲਟ/Workplace Justice Pilot" ਵਿੱਚ ਸਬਕਲਾਸ 408 ਵੀਜ਼ਾ ਲਈ ਅਰਜ਼ੀ ਦੇਣੀ ਹੋਏਗੀ ਅਤੇ ਆਪਣੀ ਅਰਜ਼ੀ ਦੇ ਨਾਲ ਹੇਠ ਲਿਖੇ ਦਸਤਾਵੇਜ਼ ਪਰ੍ਦਾਨ ਕਰਨੇ ਪੈਣਗੇ:

- ਤੁਹਾਡੇ ਕੰਮ ਵਾਲੀ ਥਾਂ ਤੇ ਹੋਏ ਸ਼ੋਸ਼ਣ ਦੇ ਮਾਮਲੇ ਦਾ ਪਰ੍ਮਾਣੀਕਰਨ (ਉਨਹ੍ਾਂ ਸੰਗਠਨਾਂ ਦੀ ਸੂਚੀ ਵੇਖੋ ਜੋ ਉੱਪਰ ਦੱਸੇ ਗਏ ਕੰਮ ਵਾਲੀ ਥਾਂ ਤੇ ਸ਼ੋਸ਼ਣ ਦੇ ਤੁਹਾਡੇ ਮਾਮਲੇ ਨੂੰ ਪਰ੍ਮਾਣਿਤ ਕਰ ਸਕਦੇ ਹਨ)।
- ਇਸ ਗੱਲ ਦਾ ਸਬੂਤ ਕਿ ਤੁਹਾਡੇ ਕੋਲ ਆਸਟ੍ਰੇਲੀਆ ਵਿੱਚ ਰਹਿਣ ਲਈ ਕਾਫ਼ੀ ਧਨ ਉਪਲਬਧ ਹੈ।
- ਇਸ ਗੱਲ ਦਾ ਸਬੂਤ ਕਿ ਤੁਹਾਡੇ ਕੋਲ ਢੁੱਕਵਾਂ ਸਿਹਤ ਬੀਮਾ ਮੌਜੂਦ ਹੈ।

**ਕੀ ਤੁਸੀਂ ਕੰਮ ਵਾਲੀ ਥਾਂ ਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਹੋ?**

ਤੁਸੀਂ ਕਾਨੂੰਨੀ ਕਾਰਵਾਈ ਕਰਨ ਲਈ ਆਸਟਰੇਲੀਆ ਵਿੱਚ ਰਹਿ ਸਕਦੇ ਹੋ।

# ਵਰਕਪਲੇਸ ਜਸਟਿਸ ਵੀਜ਼ਾ ਬਾਰੇ ਪੁੱਛੋ



# ਵਰਕਪਲੇਸ ਜਸਟਿਸ ਵੀਜ਼ਾ ਕੀ ਹੈ?

ਵਰਕਪਲੇਸ ਜਸਟਿਸ ਵੀਜ਼ਾ ਇੱਕ ਅਸਥਾਈ ਵੀਜ਼ਾ ਹੈ ਜੋ ਕੁਝ ਅਸਥਾਈ ਵੀਜ਼ਾ ਧਾਰਕਾਂ, ਜਾਂ ਹਾਲ ਹੀ ਦੇ ਅਸਥਾਈ ਵੀਜ਼ਾ ਧਾਰਕਾਂ ਨੂੰ ਆਸਟਰੇਲੀਆ ਵਿੱਚ ਰਹਿਣ ਦੀ ਆਗਿਆ ਦਿੰਦਾ ਹੈ ਤਾਂ ਜੋ ਉਹ ਕੰਮ ਵਾਲੀ ਥਾਂ ਤੇ ਸ਼ੋਸ਼ਣ ਦਾ ਸ਼ਿਕਾਰ ਹੋਏ ਹੋਣ ਤੇ ਕਾਨੂੰਨੀ ਕਾਰਵਾਈ ਕਰ ਸਕਣ।

ਵਰਕਪਲੇਸ ਜਸਟਿਸ ਵੀਜ਼ਾ ਪਰ੍ਾਪਤ ਕਰਨ ਲਈ ਇਹ ਜ਼ਰੂਰੀ ਹੈ ਕਿ ਤੁਹਾਡੇ ਕੋਲ ਕੰਮ ਦੇ ਅਧਿਕਾਰਾਂ ਵਾਲਾ ਇੱਕ ਅਸਥਾਈ ਵੀਜ਼ਾ ਹੋਵੇ, ਜਾਂ ਪਹਿਲਾਂ ਕਦੇ ਰਿਹਾ ਹੋਵੇ।

**ਵਰਕਪਲੇਸ ਜਸਟਿਸ ਵੀਜ਼ਾ ਵਾਸਤੇ ਅਰਜ਼ੀ ਦੇਣ ਲਈ ਤੁਹਾਨੂੰ ਕਿਸੇ ਫੀਸ ਦਾ ਭੁਗਤਾਨ ਨਹੀਂ ਕਰਨਾ ਪਵੇਗਾ।**

## ਤੁਸੀ ਇਸਦੇ ਯੋਗ ਹੋ ਸਕਦੇ ਹੋ ਜੇਕਰ ਤੁਸੀ:

- ਤੁਸੀਂ ਆਸਟ੍ਰੇਲੀਆ ਵਿੱਚ ਹੋ, ਜਾਂ ਤਾਂ:
  - ਤੁਸੀਂ ਇੱਕ ਅਸਥਾਈ ਵੀਜ਼ੇ ਤੇ ਹੋ ਜਿਸਦੇ ਵਿੱਚ ਕੰਮ ਕਰਨ ਦੇ ਅਧਿਕਾਰ ਹਨ (ਇਸ ਵਿੱਚ ਬਿਰ੍ਜਿੰਗ ਵੀਜ਼ਾ, ਕਿਰ੍ਮੀਨਲ ਜਸਟਿਸ ਵੀਜ਼ਾ ਜਾਂ ਇਨਫੋਰਸਮੈਂਟ ਵੀਜ਼ਾ ਸ਼ਾਮਿਲ ਨਹੀਂ ਹਨ), ਅਤੇ ਜੋ 28 ਦਿਨਾਂ ਜਾਂ ਇਸ ਤੋਂ ਘੱਟ ਸਮੇਂ ਵਿੱਚ ਖਤਮ ਹੋ ਰਿਹਾ ਹੈ, ਜਾਂ
  - ਕੰਮ ਕਰਨ ਦੇ ਅਧਿਕਾਰਾਂ ਸਹਿਤ, ਤੁਹਾਡੇ ਕੋਲ ਕਦੇ ਵੀ ਅਸਥਾਈ ਵੀਜ਼ਾ ਰਿਹਾ ਹੈ (ਇਸ ਵਿੱਚ ਬਿਰ੍ਜਿੰਗ ਵੀਜ਼ਾ, ਅਪਰਾਧਿਕ ਨਿਆਂ ਵੀਜ਼ਾ ਜਾਂ ਇਨਫੋਰਸਮੈਂਟ ਵੀਜ਼ਾ ਸ਼ਾਮਿਲ ਨਹੀਂ ਹਨ), ਜਿਸਦੀ ਮਿਆਦ ਮੁੱਕੇ ਹੋਏ ਨੂੰ 28 ਦਿਨਾਂ ਤੋਂ ਵੱਧ ਨਹੀਂ ਹੋਏ ਹੋਣੇ ਚਾਹੀਦੇ।
- ਤੁਹਾਡੇ ਕੰਮ ਵਾਲੀ ਥਾਂ ਤੇ ਹੋਏ ਸ਼ੋਸ਼ਣ ਦੇ ਮਾਮਲੇ ਨੂੰ ਇੱਕ ਮਾਨਤਾ ਪਰ੍ਾਪਤ ਪਰ੍ਮਾਣੀਕਰਣ ਸੰਸਥਾ ਦੁਆਰਾ ਪਰ੍ਮਾਣਿਤ ਕੀਤਾ ਗਿਆ ਹੋਵੇ।
- ਤੁਹਾਡੇ ਕੋਲ ਸਿਹਤ ਬੀਮਾ ਅਤੇ ਇੰਨਾ ਕੁ ਪੈਸਾ ਹੋਣਾ ਚਾਹੀਦਾ ਹੈ ਜੋ ਆਸਟਰ੍ੇਲੀਆ ਵਿੱਚ ਰਹਿਣ-ਸਹਿਣ ਲਈ ਚਾਹੀਦਾ ਹੈ।
- ਤੁਹਾਡਾ ਆਸਟ੍ਰੇਲੀਆ ਵਿੱਚ ਰਹਿਣ ਦਾ ਇਰਾਦਾ ਅਸਥਾਈ ਸਮੇਂ ਦਾ ਹੋਣਾ ਚਾਹੀਦਾ ਹੈ।
- ਤੁਸੀਂ ਕੁਝ ਸਿਹਤ ਅਤੇ ਚਰਿੱਤਰ ਦੇ ਮਾਪਦੰਡ ਪੂਰੇ ਕਰਦੇ ਹੋਣੇ ਚਾਹੀਦੇ ਹੋ।

## ਤੁਸੀ ਯੋਗ ਨਹੀ ਹੋ ਸਕਦੇ ਜੇਕਰ ਤੁਸੀ:

- ਜੇਕਰ ਤੁਹਾਡਾ ਵੀਜ਼ਾ ਨਾਮੰਜ਼ੂਰ ਜਾਂ ਰੱਦ ਕਰ ਦਿੱਤਾ ਗਿਆ ਹੈ ਤਾਂ ਤੁਸੀਂ ਵਰਕਪਲੇਸ ਜਸਟਿਸ ਵੀਜ਼ਾ ਲਈ ਯੋਗ ਨਹੀਂ ਹੋ ਸਕਦੇ।
- ਜੇਕਰ ਤੁਹਾਡੇ ਕੋਲ 28 ਦਿਨਾਂ ਤੋਂ ਵੱਧ ਸਮੇਂ ਲਈ ਕੰਮ ਦੇ ਅਧਿਕਾਰਾਂ ਵਾਲਾ ਅਸਥਾਈ ਵੀਜ਼ਾ ਨਹੀਂ ਹੈ ਅਤੇ ਤੁਹਾਡੇ ਕੋਲ ਵਰਤਮਾਨ ਵਿੱਚ ਬਿਰ੍ਜਿੰਗ ਵੀਜ਼ਾ, ਅਪਰਾਧਿਕ ਨਿਆਂ ਵੀਜ਼ਾ, ਇਨਫੋਰਸਮੈਂਟ ਵੀਜ਼ਾ ਹੈ ਜਾਂ ਜੇ ਤੁਸੀ ਗੈਰ-ਕਾਨੂੰਨੀ ਤੌਰ ਤੇ ਰਹਿ ਰਹੇ ਹੋ ਤਾਂ ਤੁਸੀ ਵਰਕ ਜਸਟਿਸ ਵੀਜ਼ਾ ਲਈ ਯੋਗ ਨਹੀ ਹੋਵੋਗੇ।

## ਕੰਮ ਵਾਲੀ ਥਾਂ ਤੇ ਸ਼ੋਸ਼ਣ ਦਾ ਮਾਮਲਾ ਤੁਹਾਡੇ ਨਾਲ ਸਬੰਧਿਤ ਹੋ ਸਕਦਾ ਹੈ ਜੇਕਰ:


ਤੁਹਾਨੂੰ ਸਹੀ ਭੁਗਤਾਨ ਨਹੀਂ ਕੀਤਾ ਗਿਆ (ਜਾਂ ਬਿਲਕੁਲ ਵੀ ਭੁਗਤਾਨ ਨਹੀਂ ਕੀਤਾ ਗਿਆ)



ਕਿਸੇ ਕੰਮ ਦੇ ਬਦਲੇ ਭੁਗਤਾਨ ਕਰਨ ਵਾਸਤੇ ਤੁਹਾਡੇ ਤੇ ਦਬਾਅ ਪਾਇਆ ਗਿਆ ਸੀ


ਤੁਸੀ ਅਸੁਰੱਖਿਅਤ ਹਾਲਤਾਂ ਵਿੱਚ ਕੰਮ ਕੀਤਾ


ਤੁਹਾਡੇ ਤੇ ਜਿਨਸੀ ਸ਼ੋਸ਼ਣ ਕੀਤਾ ਗਿਆ


ਤੁਹਾਡੇ ਬੌਸ ਨੇ ਤੁਹਾਡਾ ਵੀਜ਼ਾ ਰੱਦ ਕਰਨ ਦੀ ਧਮਕੀ ਦਿੱਤੀ ਸੀ


ਤੁਹਾਨੂੰ ਗਲਤ ਤਰੀਕੇ ਨਾਲ ਨੌਕਰੀ ਤੋਂ ਕੱਢ ਦਿੱਤਾ ਗਿਆ ਸੀ



ਜਦੋਂ ਤੁਹਾਨੂੰ ਇੱਕ ਕਰਮਚਾਰੀ ਵਜੋਂ ਨੌਕਰੀ ਤੇ ਰੱਖਿਆ ਜਾਣਾ ਚਾਹੀਦਾ ਸੀ, ਤੁਹਾਨੂੰ ABN ਲੈਣ ਲਈ ਮਜਬੂਰ ਕੀਤਾ ਗਿਆ ਸੀ

## ਮੈਂ ਵਰਕਪਲੇਸ ਜਸਟਿਸ ਵੀਜ਼ਾ ਲਈ ਅਰਜ਼ੀ ਦੇਣਾ ਚਾਹੁੰਦਾ/ਦੀ ਹਾਂ, ਮੈਨੂੰ ਕੀ ਕਰਨਾ ਚਾਹੀਦਾ ਹੈ?

